BCM SCHOOL BASANT AVENUE DUGRI LUDHIANA

Class XI Arts

Subject -Punjabi

**Assignment Answer key**

**1.ਹੇਠਾਂ ਦਿੱਤੇ ਪ੍ਰਸ਼ਨਾਂ ਦੇ ਦਿੱਤੇ ਪੈਰੇ ਨੂੰ ਪੜ੍ਹ ਕੇ ਸਹੀ ਉੱਤਰ ਦਿਓ-**

ਸਵਾਣੀਆਂ ਨੂੰ ਟੁੱਕਰ ਨਾ ਰੁੱਚਦਾ ,

ਜਿਸ ਵੇਲੇ ਵੇਖਣ ਭੁੱਖੀਆਂ ਤੇ ਮਾਂਦੀਆਂ

ਖੜੀਆਂ ਤੇ ਮੋਈਆਂ ਦੀਆਂ ਸੱਟਾਂ ਉਹ ਝੱਲਦੇ,

ਜਿਨਾਂ ਦੀਆਂ ਪਸਲੀਆਂ ਸਾਰ ਦੀਆਂ।

1. ਸਵਾਣੀਆਂ ਸ਼ਬਦ ਤੋਂ ਕੀ ਭਾਵ ਹੈ ?

   ਉੱਤਰ -ਔਰਤਾਂ
2. ਉਪਰੋਕਤ ਕਾਵਿ ਸਤਰਾਂ ਵਿੱਚ ਕਿੰਨਾਂ ਦੀ ਗੱਲ ਕੀਤੀ ਗਈ ਹੈ?

   ਉੱਤਰ- ਮੱਝਾਂ ਦੀ
3. ਇਹ ਕਾਵਿ ਸਤਰਾਂ ਕਿਸ ਕਾਵਿ ਰੂਪ ਦੇ ਵਿੱਚੋਂ ਲਈਆਂ ਗਈਆਂ ਹਨ?

   ਉੱਤਰ -ਲੋਕ ਗੀਤ ਢੋਲਾ
4. ਪਸਲੀਆਂ ਸਾਰ ਦੀਆਂ ਤੋਂ ਕੀ ਭਾਵ ਹੈ?

   ਉੱਤਰ -ਤਕੜੇ ਅਤੇ ਮਜਬੂਤ ਜਿਗਰੇ ਵਾਲੇ

**2. ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ 30- 40 ਸ਼ਬਦਾਂ ਵਿੱਚ ਦਿਓ-**

1. ਬੁਝਾਰਤਾਂ ਦਾ ਸਾਡੇ ਜੀਵਨ ਵਿੱਚ ਕੀ ਮਹੱਤਵ ਹੈ?

ਉੱਤਰ -ਮਨੋਰੰਜਨ ਦਾ ਸਾਧਨ ਹੋਣ ਦੇ ਨਾਲ ਨਾਲ ਦਿਮਾਗੀ ਪਰਖ ਅਤੇ ਸੂਝ ਬੂਝ ਪਰਖਣ ਦਾ ਸਾਧਨ ਸਨ।

2. ਬੁਝਾਰਤਾਂ ਸਾਡੇ ਸੱਭਿਆਚਾਰ ਦੇ ਸੁਹਜਮਈ ਪੱਖਾਂ ਨੂੰ ਕਿਵੇਂ ਉਜਾਗਰ ਕਰਦੀਆਂ ਹਨ?

ਉੱਤਰ -ਇਹਨਾਂ ਵਿੱਚ ਪੇਸ਼ ਕੀਤੇ ਗਏ ਬਿੰਬ ਚਿੱਤਰਾਂ ਦੇ ਵਿੱਚੋਂ ਜੋ ਚਿੱਤਰ ਪ੍ਰਗਟ ਹੁੰਦੇ ਹਨ ਉਹਨਾਂ ਦੇ ਵਿੱਚੋਂ ਸੱਭਿਆਚਾਰ ਦੀ ਝਲਕ ਮਿਲਦੀ ਹੈ।

3. ਮੀਆਂ ਰਾਂਝਾ ਵਿੱਚ ਰਾਂਝਾ ਘਰ ਛੱਡ ਕੇ ਕਿਉਂ ਜਾ ਰਿਹਾ ਸੀ?

ਉੱਤਰ -ਉਸਨੂੰ ਭਰਜਾਈਆਂ ਨੇ ਤੰਗ ਕੀਤਾ ਸੀ। ਭਰਾਵਾਂ ਨੇ ਮਾੜੀ ਜਮੀਨ ਦਿੱਤੀ ਸੀ ਅਤੇ ਉਸਨੂੰ ਹੀਰ ਵਿਆਹ ਕੇ ਲਿਆਉਣ ਦੇ ਤਾਨੇ ਮੇਹਣੇ ਦਿੰਦੀਆਂ ਸਨ।

4.ਉੱਭੇ ਦੇ ਬੱਦਲ ਵਿੱਚ ਨਾਇਕਾ ਬੇਵੱਸ ਕਿਉਂ ਹੈ?

ਉੱਤਰ -ਕਿਉਂਕਿ ਉਸ ਦਾ ਸੱਜਣ ਉਸ ਨੂੰ ਛੱਡ ਕੇ ਦੂਰ ਚਲਾ ਗਿਆ ਹੈ ਅਤੇ ਉਸਦੇ ਆਵਾਜ਼ਾਂ ਦੇਣ ਤੇ ਵੀ ਉਹ ਵਾਪਸ ਨਹੀਂ ਆਉਂਦਾ।

**3. ਕਿਸੇ ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖ ਕੇ ਵਾਤਾਵਰਨ ਵਿੱਚ ਫੈਲ ਰਹੇ ਪ੍ਰਦੂਸ਼ਣ ਅਤੇ ਗੰਦਗੀ ਦੇ ਬਾਰੇ ਵਿੱਚ ਆਪਣੀ ਵਿਚਾਰ ਪ੍ਰਗਟਾਉਂਦੇ ਹੋਏ ਸੁਝਾਅ ਵੀ ਦਿਓ।**

**ਉੱਤਰ -ਵਿਦਿਆਰਥੀ ਆਪਣੀ ਸਮਝ ਦੇ ਅਨੁਸਾਰ ਉੱਤਰ ਲਿਖਣਗੇ।**

**4. ਤੁਸੀਂ 12, ਸੇਵਾ ਨਗਰ, ਦਿੱਲੀ ਦੇ ਹਰੀਸ਼/ਹਰਸ਼ਿਤਾ ਹੋ। ਤੁਸੀਂ ਆਪਣਾ ਫਲੈਟ ਵੇਚਣਾ ਚਾਹੁੰਦੇ ਹੋ ਕਿਉਂਕਿ ਤੁਸੀਂ ਕੰਮ ਲਈ ਕਿਸੇ ਹੋਰ ਸ਼ਹਿਰ ਵਿੱਚ ਸ਼ਿਫਟ ਹੋ ਰਹੇ ਹੋ। ਕਿਸੇ ਅਖਬਾਰ ਵਿੱਚ ਵਰਗੀਕ੍ਰਿਤ ਕਾਲਮਾਂ ਦੇ ਹੇਠਾਂ ਪ੍ਰਕਾਸ਼ਿਤ ਹੋਣ ਲਈ 50 ਤੋਂ ਵੱਧ ਸ਼ਬਦਾਂ ਵਿੱਚ ਇੱਕ ਢੁਕਵਾਂ ਇਸ਼ਤਿਹਾਰ ਤਿਆਰ ਕਰੋ।**

**ਉੱਤਰ -ਵਿਦਿਆਰਥੀ ਆਪਣੀ ਸਮਝ ਦੇ ਅਨੁਸਾਰ ਉੱਤਰ ਲਿਖਣਗੇ।**